# ਪੰਜਾਬ ਲੋਕ ਸੇਵਾ ਕਮਿਸ਼ਨ

ਵਿਗਿਆਪਨ ਨੰ:01

ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵਿੱਚ ਸਹਾਇਕ ਨਗਰ ਯੋਜਨਾਕਾਰ ਦੀਆਂ 11 ਆਸਾਮੀਆਂ ਭਰਨ ਲਈ ਪਾਤਰ ਉਮੀਦਵਾਰਾਂ ਤੋਂ ਬਿਨੈ-ਪੱਤਰ ਫਾਰਮ ਮੰਗੇ ਜਾਂਦੇ ਹਨ।

**ਨੋਟ: ਇਹ ਵਿਗਿਆਪਨ ਸਰਕਾਰ ਪਾਸੋਂ ਪੱਤਰ 1/38/2008-2ਮੳ1/985 ਮਿਤੀ 19-03-2009 ਰਾਹੀਂ ਪ੍ਰਾਪਤ ਹੋਏ ਮੰਗ ਪੱਤਰ ਅਨੁਸਾਰ ਇਸ ਸ਼ਰਤ ਅਧੀਨ ਵਿਗਿਆਪਤ ਕੀਤਾ ਜਾ ਰਿਹਾ ਹੈ ਕਿ ਇਸ ਵਿੱਚ ਸਰਕਾਰ ਵਲੋਂ ਕਿਸੇ ਸਮੇਂ ਵੀ ਸੋਧ/ਤਰਮੀਮ ਕੀਤੀ ਜਾ ਸਕਦੀ ਹੈ ।**

1. ਆਸਾਮੀਆਂ ਅਤੇ ਰਾਖਵਾਂਕਰਨ

| ਆਸਾਮੀ ਦਾ ਨਾਂ | ਆਸਾਮੀਆਂ ਦੀ ਗਿਣਤੀ | ਕੈਟਾਗਰੀਵਾਈਜ਼ | |
|---|---|---|---|
| **ਸਹਾਇਕ ਨਗਰ ਯੋਜਨਾਕਾਰ** | 11 | ਜਨਰਲ | 04 |
| | | ਅਨੁਸੂਚਿਤ ਜਾਤੀ, ਪੰਜਾਬ | 02 |
| | | ਅਨੁਸੂਚਿਤ ਜਾਤੀ ਉੱਘੇ ਖਿਡਾਰੀ, ਪੰਜਾਬ | 01 |
| | | ਪੱਛੜੀ ਸ਼੍ਰੇਣੀ, ਪੰਜਾਬ | 01 |
| | | ਪੱਛੜੀ ਸ਼੍ਰੇਣੀ ਸਾਬਕਾ ਫੌਜੀ, ਪੰਜਾਬ | 01 |
| | | ਸਾਬਕਾ ਫੌਜੀ ਪੰਜਾਬ | 01 |
| | | ਅੰਗਹੀਣ, ਪੰਜਾਬ | 01 |
| | | **ਕੁੱਲ ਆਸਾਮੀਆਂ** | 11 |

ਬਿਨੈਪੱਤਰ ਫਾਰਮ ਵਿੱਚ ਉਮੀਦਵਾਰਾਂ ਵੱਲੋ ਸਪੱਸ਼ਟ ਤੌਰ ਤੇ ਦੱਸਿਆ ਜਾਵੇ ਕਿ ਉਹ ਕਿਸ ਰਾਖਵੀਂ ਸ਼੍ਰੇਣੀ ਵਿੱਚ ਵਿਚਾਰਿਆ ਜਾਣਾ ਚਾਹੁੰਦੇ ਹਨ । ਆਸਾਮੀਆਂ ਦੀ ਗਿਣਤੀ ਅਤੇ ਰਾਖਵੇਂਕਰਣ ਵਿੱਚ ਬਿਨ੍ਹਾਂ ਕਿਸੇ ਨੋਟਿਸ ਦੇ ਅਦਲਾ-ਬਦਲੀ ਕੀਤੀ ਜਾ ਸਕਦੀ ਹੈ ।

2. ਤਨਖਾਹ ਸਕੇਲ:-7880-13500 (ਸ਼ੁਰੂ ਵਿੱਚ 8000/- ਰੁਪਏ):

**3 ESSENTIAL QUALIFICATIONS :-**

(a) Post Graduate Degree or Diploma in City and Regional Planning or its equivalent from a recognized University or Institute **OR**

(b) Degree in B.Tech (in Planning ) from a recognized University or Institute **OR**

(c) Degree in Architecture or Civil Engg. or its equivalent from a recognized University or Institute and experience in Town Planning's work for a Minimum Period of three years.

Provided that preferences will be given to the persons possessing Qualifications specified in clause (a) & (b) above.

(d) Punjabi of Matric or its equivalent standard.

ਇਹਨਾਂ ਆਸਾਮੀਆਂ ਲਈ ਪੰਜਾਬੀ ਦੀ ਯੋਗਤਾ ਜ਼ਰੂਰੀ ਹੈ, ਪ੍ਰੰਤੂ ਸਿੱਖ ਪ੍ਰਵਾਸੀਆਂ ਵਾਸਤੇ ਨੌਕਰੀ ਪ੍ਰਾਪਤ ਕਰਨ ਤੋਂ ਦੋ ਸਾਲ ਦੇ ਅੰਦਰ-ਅੰਦਰ ਪੰਜਾਬੀ ਦੀ ਯੋਗਤਾ ਹਾਸਲ ਕਰਨ ਦੀ ਛੋਟ ਹੈ, ਵਰਨਾ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ । ਇਸ ਮਕਸਦ ਲਈ ਦਸਵੀਂ **ਜਾਂ** ਇਸਦੇ ਬਰਾਬਰ ਦੀ ਪੰਜਾਬੀ ਪਾਸ ਕਰਨ ਦਾ ਸਰਟੀਫਿਕੇਟ ਜ਼ਰੂਰੀ ਹੋਵੇਗਾ ।

**4.<u>ਉਮਰ</u>:** (1) ਉਮੀਦਵਾਰ 01-01-2009 ਨੂੰ 18 ਸਾਲਾਂ ਤੋਂ ਘੱਟ ਅਤੇ 35 ਸਾਲਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ।

(2) ਭਾਰਤ ਸਰਕਾਰ, ਪੰਜਾਬ ਸਰਕਾਰ **ਜਾਂ** ਕੋਈ ਹੋਰ ਰਾਜ ਦੀ ਸਰਕਾਰ ਵਿਖੇ ਜੇ ਕੋਈ ਵਿਅਕਤੀ ਪਹਿਲਾਂ ਤੋਂ ਹੀ ਨੌਕਰੀ ਕਰ ਰਿਹਾ ਹੈ ਤਾਂ ਉਸ ਨੂੰ ਉਮਰ ਲਈ ਉਪਰਲੀ ਸੀਮਾ ਵਿਚ 45 ਸਾਲ ਤੱਕ ਛੋਟ ਮਿਲੇਗੀ ।

(3) ਹਰ ਰਾਜ ਦੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਕੇਵਲ ਪੰਜਾਬ ਦੀਆਂ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਣ ਵਾਲਿਆਂ ਲਈ ਉਪਰਲੀ ਉਮਰ ਸੀਮਾ 40 ਸਾਲ ਹੋਵੇਗੀ ।

(4) ਪੰਜਾਬ ਦੇ ਸਾਬਕਾ ਫੌਜੀ ਆਪਣੀ ਕੇਂਦਰ ਦੇ ਰੱਖਿਆਂ ਬਲਾਂ ਵਿਚ ਕੀਤੀ ਨੌਕਰੀ ਆਪਣੀ ਅਸਲ ਉਮਰ ਵਿੱਚੋਂ ਘਟਾ ਕੇ ਅਤੇ ਜੇ ਨਤੀਜਤਨ ਉਮਰ ਵਿੱਚ ਤਿੰਨ ਸਾਲ ਜਮ੍ਹਾਂ ਕਰਕੇ ਉਮਰ ਸੀਮਾ ਸੇਵਾ ਰੂਲਾਂ ਵਿਚ ਇਸ ਆਸਾਮੀ ਵਿੱਚ ਸਿੱਧੇ ਤੌਰ ਤੇ ਭਰਤੀ ਹੋਣ ਲਈ ਨਿਸ਼ਚਿਤ ਉਮਰ ਸੀਮਾ ਤੋਂ ਵੱਧ ਨਹੀਂ ਹੁੰਦੀ ਤਾਂ ਉਹ ਉਮਰ ਸੀਮਾ ਸਬੰਧੀ ਹਾਲਤ ਨੂੰ ਤਸੱਲੀਬਖਸ਼ ਸਮਝਿਆ ਜਾਵੇਗਾ ।

(5) ਵਿਧਵਾਵਾਂ, ਤਲਾਕਸ਼ੁਦਾ ਅਤੇ ਕੁਝ ਹੋਰ ਵਰਗ ਦੀਆਂ ਔਰਤਾਂ ਲਈ ਵੀ ਉਪਰਲੀ ਉਮਰ ਸੀਮਾ ਦੀ ਛੋਟ 40 ਸਾਲ ਤੱਕ ਹੋਵੇਗੀ ।

(6) ਪੰਜਾਬ ਦੇ ਸਰੀਰਕ ਤੌਰ ਤੇ ਅੰਗਹੀਣ ਵਿਅਕਤੀ ਲਈ ਵੀ ਉਪਰਲੀ ਉਮਰ ਸੀਮਾ 45 ਸਾਲ ਤੱਕ ਹੋਵੇਗੀ ।

5. <u>ਬਿਨੈਪੱਤਰ ਨੂੰ ਜਮ੍ਹਾਂ ਕਰਵਾਉਣਾ</u> :

ਉਮੀਦਵਾਰ ਅਰਜ਼ੀ ਫਾਰਮ ਕਮਿਸ਼ਨ ਦੀ ਵੈਬਸਾਈਟ **www.ppsc.gov.in** ਤੋਂ ਪ੍ਰਾਪਤ ਕਰ ਸਕਦੇ ਹਨ ਜਾਂ ਉਮੀਦਵਾਰ ਨੂੰ ਅਰਜੀ ਫਾਰਮ ਪੰਜਾਬ ਲੋਕ ਸੇਵਾ ਕਮਿਸ਼ਨ, ਬਾਰਾਂਦਰੀ ਬਾਗ, ਪਟਿਆਲਾ ਮਿਤੀ <u>26-05-2009</u> ਤੋਂ ਮਿਲੇਗਾ ਅਤੇ ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਬਾਰਾਂਦਰੀ ਬਾਗ, ਪਟਿਆਲਾ ਵਿਖੇ ਮਿਤੀ <u>15-06-2009</u> ਤੱਕ ਜਮ੍ਹਾਂ ਕਰਵਾਉਣਾ ਹੋਵੇਗਾ ।

<u>ਨੋਟ</u> : <u>ਉਹ ਉਮੀਦਵਾਰ ਜੋ ਅਰਜੀ ਫਾਰਮ ਨੂੰ ਕਮਿਸ਼ਨ ਦੀ ਵੈਬਸਾਈਟ ਤੋਂ download ਕਰਕੇ ਪ੍ਰਾਪਤ ਕਰਨਗੇ ਉਨ੍ਹਾਂ ਵੱਲੋਂ ਅਰਜੀ ਫਾਰਮ ਦੀ ਕੀਮਤ ਭਾਵ 25/- ਰੁਪਏ ਅਰਜ਼ੀ ਫੀਸ ਵਿਚ ਸ਼ਾਮਲ ਕਰਕੇ ਭੇਜਣਗੇ ।</u> ਬਿਨੈਪੱਤਰ ਫਾਰਮ ਮਿਤੀ <u>15-06-2009</u> ਨੂੰ ਸ਼ਾਮ 5.00 ਵਜੇ ਤੱਕ ਨਾਲ ਦੱਸੀ ਗਈ ਫੀਸ ਅਤੇ ਦਸਤਾਵੇਜ਼ਾਂ ਸਮੇਤ ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੇ ਦਫ਼ਤਰ ਵਿਚ ਪਹੁੰਚ ਜਾਣਾ ਚਾਹੀਦਾ ਹੈ। ਡਾਕ ਸੇਵਾ ਆਦਿ ਕਾਰਨ ਹੋਈ ਦੇਰੀ ਉਮੀਦਵਾਰ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ ।

ਬਿਨੈਪੱਤਰ ਫਾਰਮ ਗਲਤ ਤਰੀਕੇ ਨਾਲ ਭਰੇ ਹੋਏ **ਜਾਂ** ਅੱਧੇ ਭਰੇ ਹੋਏ **ਜਾਂ** ਲੇਟ ਪਹੁੰਚਣ **ਜਾਂ** ਦੱਸੀ ਗਈ ਫੀਸ, ਜਨਮ ਮਿਤੀ ਦੇ ਸਰਟੀਫਿਕੇਟ, ਡਿਗਰੀ, ਤਜਰਬੇ, ਹੋਰ ਲੋੜੀਂਦੇ ਸਰਟੀਫਿਕੇਟਾਂ, ਅਤੇ ਤਿੰਨ ਇੱਕੋਂ ਜਿਹੀਆਂ (ਲੇਟੈਸਟ) ਤਸਦੀਕ ਕੀਤੀਆਂ ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਬਗੈਰ ਰੱਦ ਕਰ ਦਿੱਤੇ ਜਾਣਗੇ। ਇਸ ਸਬੰਧ ਵਿਚ ਕਮਿਸ਼ਨ ਦਾ ਫੈਸਲਾ ਅੰਤਿਮ ਹੋਵੇਗਾ ।

**<u>ਫੀਸ</u>**

(ੳ) ਉਮੀਦਵਾਰ ਫਾਰਮ ਭਰਨ ਲਈ ਬਿਨੈਪੱਤਰ ਫਾਰਮ ਵਿਸਤਰਿਤ ਹਦਾਇਤਾਂ ਸਮੇਤ ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਬਾਰਾਂਦਰੀ ਬਾਗ, ਪਟਿਆਲਾ ਦੇ ਸੁਆਗਤੀ ਕਾਊਂਟਰ ਤੋਂ ਦਸਤੀ **ਜਾਂ** ਡਾਕ ਰਾਹੀਂ ਪ੍ਰਾਪਤ ਕਰੇਗਾ । ਮਿਤੀ <u>26-05-2009</u> ਤੋਂ ਫਾਰਮ ਦੀ ਨਿਮਨਲਿਖਤ ਕੀਮਤ ਅਦਾ ਕਰਨ ਤੇ ਪ੍ਰਾਪਤ ਕਰ ਸਕਦੇ ਹਨ । ਡਾਕ ਰਾਹੀਂ ਬਿਨੈਪੱਤਰ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਬੈਕ ਡਰਾਫ਼ਟ, ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ ਦੇ ਨਾਮ ਤੇ ਭੇਜਣਾ ਹੋਵੇਗਾ ਜੋ ਕਿ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ । ਉਮੀਦਵਾਰ ਬੈਂਕ ਡਰਾਫਟ ਦੇ ਪਿਛਲੇ ਪਾਸੇ ਆਪਣਾ ਨਾਮ ਅਤੇ ਪਤਾ ਵੱਡੇ ਅੱਖਰਾਂ ਵਿਚ ਜ਼ਰੂਰ ਲਿਖਣ ।

(ਅ) ਉਮੀਦਵਾਰ 24 cm. x 11 cm. ਦੇ ਦੋ ਲਿਫਾਫੇ ਜਿਸ ਤੇ ਆਪਣਾ ਪਤਾ ਅਤੇ 25/- ਰੁਪਏ ਦੀਆਂ ਟਿਕਟਾਂ ਲੱਗੀਆਂ ਹੋਣ ਅਤੇ ਖੱਬੇ ਪਾਸੇ ਸਿਖਰ ਤੇ ਆਸਾਮੀ ਦਾ ਨਾਮ ਲਿਖਿਆ ਹੋਵੇ ਜਰੂਰ ਭੇਜਣ ।

6(1) **ਬਿਨੈਪੱਤਰ ਫਾਰਮ ਦੀ ਕੀਮਤ**

| | | |
|---|---|---|
| ੳ. | ਸਵਾਗਤੀ ਕਾਊਂਟਰ ਤੋ ਨਗਦ | : 25/- ਰੁਪਏ |
| ਅ. | ਡਾਕ ਰਾਹੀਂ (ਬੈਕ ਡਰਾਫਟ ਰਾਹੀਂ) | : 75/-ਰੁਪਏ |

(2) **ਫੀਸ** :

| | | |
|---|---|---|
| (1) | ਸਾਰਿਆਂ ਰਾਜਾਂ ਦੀਆਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਕੇਵਲ ਪੰਜਾਬ ਦੀਆਂ ਪੱਛੜੀਆਂ ਸ੍ਰੇਣੀਆਂ ਲਈ | : 50/-ਰੁਪਏ |
| (2) | ਪੰਜਾਬ ਦੇ ਸਾਬਕਾ ਫੌਜੀਆਂ ਲਈ | : ਫੀਸ ਅਦਾ ਕਰਨ ਤੋ ਛੋਟ ਹੈ |
| (3) | ਹੋਰ ਸਾਰੇ ਵਰਗ (ਇਸ ਵਿੱਚ ਪੰਜਾਬ ਦੇ ਸਾਬਕਾ ਫੌਜੀਆਂ ਦੇ ਆਸ਼ਰਿਤ ਉਮੀਦਵਾਰ ਸ਼ਾਮਿਲ ਹਨ । | : 200/- ਰੁਪਏ |

ਫੀਸ ਮੁਆਫ਼ੀ ਲਈ ਹੱਕਦਾਰ ਉਮੀਦਵਾਰ ਆਪਣੇ ਬਿਨੈਪੱਤਰ ਫਾਰਮ ਨਾਲ ਉਨ੍ਹਾਂ ਦੀ ਫੀਸ ਮੁਆਫ਼ੀ ਦੇ ਦਾਅਵੇ ਲਈ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਜ਼ਰੂਰ ਲਗਾਉਣ । ਜੋ ਉਮੀਦਵਾਰ ਅਜਿਹਾ ਸਰਟੀਫਿਕੇਟ ਨਹੀਂ ਲਗਾਉਣਗੇ ਉਹ ਕਿਸੇ ਵੀ ਹਾਲਤ ਵਿਚ ਫੀਸ ਮੁਆਫ਼ੀ ਦੇ ਹੱਕਦਾਰ ਨਹੀਂ ਹੋਣਗੇ ਅਤੇ ਉਨ੍ਹਾਂ ਨੂੰ ਕਮਿਸ਼ਨ ਦੁਆਰਾ ਮਿੱਥੀ ਮਿਤੀ ਤੋਂ ਪਹਿਲਾਂ-ਪਹਿਲਾਂ ਫੀਸ ਦੀ ਬਕਾਇਆ ਰਕਮ ਅਦਾ ਕਰਨ ਤੇ ਹੀ ਇੰਟਰਵਿਊ ਵਿੱਚ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ । ਅਜਿਹਾ ਕਰਨ ਲਈ ਅਸਫ਼ਲ ਹੋਣ ਦੇ ਨਤੀਜੇ ਵੱਜੋਂ ਬਿਨੈਕਾਰ ਦੀ ਉਮੀਦਵਾਰੀ ਖਾਰਜ ਕਰ ਦਿੱਤੀ ਜਾਵੇਗੀ ।

ਪਟਿਆਲਾ ਵਿਖੇ ਅਦਾਇਗੀ ਯੋਗ ਫੀਸ ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ ਦੇ ਨਾਂ ਤੇ ਅਸਲ ਕਰਾਸਡ ਬੈਂਕ ਡਰਾਫਟ ਰਾਹੀਂ ਬਿਨੈਪੱਤਰ ਸਮੇਤ ਜਮ੍ਹਾਂ ਕਰਵਾਈ ਜਾਵੇ । ਵੈਲਿਡ ਬੈਂਕ ਡਰਾਫਟ ਤੋਂ ਬਿਨ੍ਹਾਂ **ਜਾਂ** ਘੱਟ ਫੀਸਾਂ ਵਾਲੇ ਬਿਨੈਪੱਤਰਾਂ ਨੂੰ ਰੱਦ ਕਰ ਦਿੱਤਾ ਜਾਵੇਗਾ । ਇਹ ਫੀਸ ਮੋੜਨਯੋਗ ਨਹੀਂ ਹੈ । ਉਮੀਦਵਾਰ ਆਪਣਾ ਨਾਮ ਅਤੇ ਪਤਾ ਬੈਂਕ ਡਰਾਫਟ ਦੇ ਪਿਛਲੇ ਪਾਸੇ ਵੱਡੇ ਅੱਖਰਾਂ ਵਿਚ ਜ਼ਰੂਰ ਲਿਖਣ । ਬਿਨੈਪੱਤਰ ਜਮ੍ਹਾਂ ਕਰਵਾਉਣ ਲਈ ਅੰਤਿਮ ਮਿਤੀ 15-06-2009 ਹੈ ।

**ਮਹੱਤਵਪੂਰਨ ਨੋਟ** :

(ੳ) ਬਿਨੈਪੱਤਰ ਭੇਜਣ ਵਾਲੇ ਕਿਸੇ ਵੀ ਰਾਖਵੀਂ ਸ੍ਰੇਣੀ ਦੇ ਚਾਹਵਾਨ ਉਮੀਦਵਾਰਾਂ ਨੂੰ ਚਾਹੀਦਾ ਹੈ ਕਿ ਉਹ ਅਨੁਸੂਚਿਤ ਜਾਤੀਆਂ, ਪੱਛੜੀ ਸ੍ਰੇਣੀਆਂ ਅਤੇ ਸਾਬਕਾ ਫੌਜੀ, ਪੰਜਾਬ ਸਬੰਧੀ ਲੋੜੀਂਦਾ ਸਰਟੀਫਿਕੇਟ ਨਿਸ਼ਚਿਤ ਪ੍ਰੋਫਾਰਮੇ ਅਨੁਸਾਰ ਸਮੇਤ ਮੌਜੂਦਾ ਪੰਜਾਬ ਵਾਸੀ ਸਰਟੀਫਿਕੇਟ ਨੱਥੀ ਕਰਨ ।

(ਅ) ਬਿਨੈਪੱਤਰ ਦੇ ਨਾਲ ਨੱਥੀ ਫੀਸ ਦਾ ਬੈਂਕ ਡਰਾਫਟ ਇਸ਼ਤਿਹਾਰ ਦੀ ਮਿਤੀ ਤੋਂ ਪਹਿਲਾਂ ਦਾ ਜਾਰੀ ਹੋਇਆ ਨਹੀਂ ਹੋਣਾ ਚਾਹੀਦਾ ।

(ੲ) ਕਿਸੇ ਵੀ ਹਾਲਤ ਵਿੱਚ ਇੱਕ ਵਾਰ ਦਾਅਵਾ ਕੀਤੀ ਸ੍ਰੇਣੀ ਨੂੰ ਬਦਲਣ ਦੀ ਇਜਾਜ਼ਤ ਨਹੀ ਹੋਵੇਗੀ ।

(ਸ) ਬਿਨੈਪੱਤਰ ਪ੍ਰਾਪਤ ਹੋਣ ਦੀ ਅੰਤਿਮ ਮਿਤੀ 15-06-2009 ਤੱਕ ਬਿਨੈਕਾਰ ਕੋਲ ਲੋੜੀਂਦੀਆਂ ਯੋਗਤਾਵਾਂ ਅਤੇ ਤਜਰਬਾ ਹੋਣਾ ਚਾਹੀਦਾ ਹੈ ।

(ਹ) ਇੰਟਰਵਿਊ ਲਈ ਬੁਲਾਏ ਜਾਣ ਵਾਲੇ ਯੋਗ ਉਮੀਦਵਾਰਾਂ ਕੋਲ ਘੱਟੋਘੱਟ ਨਿਸ਼ਚਿਤ ਜ਼ਰੂਰੀ ਯੋਗਤਾ ਹੋਣੀ ਚਾਹੀਦੀ ਹੈ । ਜਿੱਥੇ ਇਸ਼ਤਿਹਾਰ ਸਬੰਧੀ ਆਏ ਬਿਨੈਪੱਤਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇ ਅਤੇ ਕਮਿਸ਼ਨ ਲਈ ਸਾਰੇ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਣੀ ਸੰਭਵ ਨਾ ਹੋਵੇ ਤਾਂ ਕਮਿਸ਼ਨ ਇੰਟਰਵਿਊ ਲਈ ਸਾਰੇ ਉਮੀਦਵਾਰਾਂ ਦੀ ਵਿਦਿਅਕ ਯੋਗਤਾ/ ਵੱਧ ਨੰਬਰਾਂ **ਜਾਂ** ਸਕਰੀਨਿੰਗ ਟੈਸਟ ਰਾਹੀਂ ਉਮੀਦਵਾਰਾਂ ਦੀ ਗਿਣਤੀ ਘਟਾ ਸਕਦਾ ਹੈ ।

ਸਹੀ/-
ਸਕੱਤਰ